# ਖ਼ਾਲਸਾ ਕ੍ਰੈਡਿਟ ਯੂਨੀਅਨ ਦੀ ਕਰਾਊਨ ਪੈਲੇਸ ਬੈਂਕੁਇਟ ਹਾਲ ਸਰੀ ਬੀ.ਸੀ. ਵਿਚ 4 ਮਈ 2025 ਨੂੰ ਹੋਈ 39ਵੀਂ ਸਾਲਾਨਾ ਜਨਰਲ ਮੀਟਿੰਗ ਦਾ ਸੰਖੇਪ ਵੇਰਵਾ।

1. ਅਰਦਾਸ ਭਾਈ ਨਗੀਨਾ ਸਿੰਘ ਰੰਗੀ ਜੀ ਵੱਲੋਂ ਕੀਤੀ ਗਈ।

2. ਸ: ਜਗਪਾਲ ਸਿੰਘ ਸੰਧੂ ਨੇ 1:11 ਬਜੇ ਦੁਪਹਿਰ 70 ਮੈਂਬਰਾਂ ਦੇ ਕ੍ਰੋਰਮ ਦਾ ਐਲਾਨ ਕਰਕੇ ਮੀਟਿੰਗ ਸ਼ੁਰੂ ਕੀਤੀ।

3. ਸ: ਗੁਰਦੀਪ ਸਿੰਘ ਨੇ ਜ਼ਮੀਨੀ ਮਾਨਤਾ ਸਵੀਕਾਰ ਕਰਕੇ ਫ਼ਸਟ ਨੇਸ਼ਨਜ਼ ਲੋਕਾਂ ਦਾ ਸਨਮਾਨ ਕੀਤਾ ਅਤੇ ਸਾਰੇ ਹਾਜ਼ਰੀਨ ਦਾ ਸੁਆਗਤ ਕੀਤਾ।

4. ਸ: ਗੁਰਦੀਪ ਸਿੰਘ ਨੇ ਹੇਠ ਲਿਖੇ ਸੰਸਥਾਪਕ ਮੈਂਬਰਾਂ ਨੂੰ ਯਾਦ ਕੀਤਾ ਜੋ ਹੁਣ ਇਸ ਸੰਸਾਰ ਵਿੱਚ ਨਹੀਂ ਰਹੇ। ਉਨ੍ਹਾਂ ਦੇ ਨਾਮ ਪੜ੍ਹੇ ਗਏ, ਫਿਰ ਇੱਕ ਮਿੰਟ ਦੀ ਚੁੱਪ ਰੱਖੀ ਗਈ ਅਤੇ "ਬੋਲੇ ਸੋ ਨਿਹਾਲ" ਦਾ ਜੈਕਾਰਾ ਲਗਾਇਆ ਗਿਆ:

   ।. ਸ: ਸਤਨਾਮ ਸਿੰਘ ਖਨੁਖੁਨ

   ॥. ਸ: ਸਵਰਨ ਸਿੰਘ ਸਿੱਧੂ

5. ਸ: ਗੁਰਦੀਪ ਸਿੰਘ ਨੇ ਸਾਲਾਨਾ ਜਨਰਲ ਮੀਟਿੰਗ ਦੇ ਹਾਜ਼ਰੀਨਾਂ ਲਈ ਸਥਾਈ ਨਿਯਮਾਂ ਨੂੰ ਪੜ੍ਹਿਆ।

6. ਸ: ਜਗਪਾਲ ਸਿੰਘ ਸੰਧੂ ਨੇ ਹੇਠ ਲਿਖੀਆਂ ਘੋਸ਼ਣਾਵਾਂ ਕੀਤੀਆਂ:

   ।. ਸ਼: ਗੁਰਦੀਪ ਸਿੰਘ ਨੂੰ ਰਿਕਾਰਡਿੰਗ ਸਕੱਤਰ ਨਿਯੁਕਤ ਕੀਤਾ ਗਿਆ।

   ॥. ਮਿਸ ਐਂਜਲਾ ਸਪੈਂਸਰ, ਪਾਰਟਨਰ, ਬੀ.ਡੀ.ਓ. ਐਲ.ਐਲ.ਪੀ. ਕੈਨੇਡਾ ਨੂੰ ਸਕ੍ਰੂਟੀਨੀਅਰ ਨਿਯੁਕਤ ਕੀਤਾ ਿ ਗਆ।

   ।।।. ਸ਼: ਸੁਖਬਿੰਦਰ ਸਿੰਘ ਨੁਨੜ੍ਹਾ ਨੂੰ ਪਾਰਲੀਮੈਂਟੇਰੀਅਨ ਅਤੇ ਲੀਗਲ ਕਾਊਂਸਲ ਨਿਯੁਕਤ ਕੀਤਾ ਗਿਆ।

7. ਏਜੰਡਾ ਮਨਜ਼ੂਰ ਕੀਤਾ ਗਿਆ।

   ***ਪੇਸ਼ ਕਰਤਾ: ਸ਼: ਜਰਨੈਲ ਸਿੰਘ ਰਾਏ    ਸਮਰਥਕ: ਸ਼: ਅਵਤਾਰ ਸਿੰਘ ਢਿੱਲੋਂ    ਮਨਜ਼ੂਰ***

8. ਸ: ਜਗਪਾਲ ਸਿੰਘ ਸੰਧੂ ਨੇ ਬੋਰਡ ਆਫ ਡਾਇਰੈਕਟਰਜ਼ ਅਤੇ ਮੁੱਖ ਕਾਰਜਕਾ ਅਫਸਰ ਸ: ਹਰਦੀਪ ਸਿੰਘ ਬੈਂਸ ਦੀ ਜਾਣ ਪਹਿਚਾਣ ਕਰਵਾਈ। ਉਨ੍ਹਾਂ ਨੇ ਦੱਸਿਆ ਕਿ ਸ: ਪਰਵਕਾਰ ਸਿੰਘ ਦੁਲਏ ਅਤੇ ਸ: ਜੋਗਾ ਸਿੰਘ ਸੰਘਾ ਨਿੱਜੀ ਕਾਰਨਾਂ ਕਰਕੇ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ।

9. 12 ਮਈ 2024 ਨੂੰ ਹੋਈ 38ਵੀਂ ਸਾਲਾਨਾ ਜਨਰਲ ਮੀਟਿੰਗ ਦੀ ਕਾਰਵਾਈ ਸ: ਗੁਰਦੀਪ ਸਿੰਘ ਵੱਲੋਂ ਪੇਸ਼ ਕੀਤੀ ਗਈ ਅਤੇ ਮਨਜ਼ੂਰ ਕੀਤੀ ਗਈ।

   ***ਪੇਸ਼ ਕਰਤਾ: ਸ: ਅਵਤਾਰ ਸਿੰਘ ਢਿੱਲੋਂ    ਸਮਰਥਕ: ਸ਼: ਜਰਨੈਲ ਸਿੰਘ ਰਾਏ    ਮਨਜ਼ੂਰ***

   ਮੀਟਿੰਗ ਦੀ ਕਾਰਵਾਈ ਵਿੱਚੋਂ ਉੱਠਦੇ ਮਾਮਲੇ:

   ਕੋਈ ਨਹੀਂ

## ਬੋਰਡ ਚੇਅਰ ਦੀ ਰਿਪੋਰਟ

ਸ: ਜਗਪਾਲ ਸਿੰਘ ਸੰਧੂ ਨੇ ਖਾਲਸਾ ਕਰੈਡਿਟ ਯੂਨੀਅਨ ਦੀ ਸਾਲਾਨਾ ਜਨਰਲ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਬੋਰਡ ਦੀ ਰਿਪੋਰਟ ਪੇਸ਼ ਕੀਤੀ ਅਤੇ ਦੱਸਿਆ ਕਿ ਖਾਲਸਾ ਕਰੈਡਿਟ ਯੂਨੀਅਨ ਦੀ ਸਥਾਪਨਾ ਭਾਈਚਾਰੇ ਨੂੰ ਸਭ ਤੋਂ ਵਧੀਆ ਵਿੱਤੀ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਕੀਤੀ ਗਈ ਸੀ ਅਤੇ ਸੰਸਥਾ ਅਜੇ ਵੀ ਇਸ ਵਚਨਬੱਧਤਾ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ।

ਉਨ੍ਹਾਂ ਨੇ ਨੋਟ ਕੀਤਾ ਕਿ ਪਿਛਲੇ ਕੁਝ ਸਾਲਾਂ ਵਿੱਚ ਖਾਲਸਾ ਕਰੈਡਿਟ ਯੂਨੀਅਨ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਵਿੱਚ ਕੋਵਿਡ, ਵਧ ਰਹੀਆਂ ਬੈਂਕ ਦਰਾਂ ਅਤੇ ਖਰਚਿਆਂ ਵਿੱਚ ਵਾਧਾ ਸ਼ਾਮਲ ਹਨ। ਪਰ ਸਾਡੇ ਸਟਾਫ ਦੀ ਨਿਸ਼ਠਾ ਅਤੇ ਮੈਂਬਰਾਂ ਦੇ ਸਹਿਯੋਗ ਨਾਲ, ਅਸੀਂ ਇਨ੍ਹਾਂ ਚੁਣੌਤੀਆਂ ਨੂੰ ਸਫਲਤਾ ਪੂਰਵਕ ਪਾਰ ਕੀਤਾ ਹੈ, ਜਿਸ ਨਾਲ ਮਜ਼ਬੂਤ ਮੁਨਾਫ਼ਾ ਹੋਇਆ ਹੈ।

ਸ: ਸੰਧੂ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਸਾਡੀ ਵਾਧਾ ਦਰ ਹੋਰ ਸੰਸਥਾਵਾਂ ਨਾਲੋਂ ਵੱਧ ਰਹੀ ਹੈ। ਖਾਲਸਾ ਕਰੈਡਿਟ ਯੂਨੀਅਨ ਨੇ ਹੋਰ ਸੰਸਥਾਵਾਂ ਦੇ ਮੁਕਾਬਲੇ ਵੱਧ ਆਮਦਨ ਪ੍ਰਾਪਤ ਕੀਤੀ ਹੈ ਅਤੇ ਕਲਾਸ ਅ ਅਤੇ ਕਲਾਸ ਬ ਸ਼ੇਅਰਾਂ 'ਤੇ 6.50% ਡਿਵਿਡੈਂਡ ਘੋਸ਼ਿਤ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ ਨੈੱਟ ਆਮਦਨ ਦਾ ਦਸਵੰਧ $500,000 ਸੀ। ਸਾਡੇ ਸਟਾਫ ਨੇ 2,000 ਘੰਟਿਆਂ ਤੋਂ ਵੱਧ ਸੇਵਾ ਕੀਤੀ ਅਤੇ ਅਸੀਂ $100,000 ਸਕਾਲਰਸ਼ਿਪ ਅਤੇ ਵਜ਼ੀਫ਼ਿਆਂ ਲਈ ਦਿੱਤੇ।

**ਟੈਕਨੋਲੋਜੀ ਵਿੱਚ ਨਿਵੇਸ਼:** ਸ: ਸੰਧੂ ਨੇ ਕੁਸ਼ਲਤਾ ਵਿੱਚ ਸੁਧਾਰ ਅਤੇ ਮੈਂਬਰ ਸੇਵਾਵਾਂ ਨੂੰ ਵਧੀਆ ਬਣਾਉਣ ਲਈ ਟੈਕਨੋਲੋਜੀ ਵਿੱਚ ਨਿਵੇਸ਼ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਆਉਣ ਵਾਲੇ ਸਾਲਾਂ ਵਿੱਚ ਮਾਰਕੀਟ ਵਿੱਚ ਮੁਕਾਬਲੇਯੋਗ ਰਹਿਣ ਲਈ ਟੈਕਨੋਲੋਜੀ ਵਿੱਚ ਨਿਵੇਸ਼ ਦੀ ਯੋਜਨਾ ਹੈ।

ਸ: ਜਗਪਾਲ ਸਿੰਘ ਸੰਧੂ ਨੇ ਦੱਸਿਆ ਕਿ ਅਸੀਂ $1 ਬਿਲੀਅਨ ਦੀ ਸੰਪਤੀ ਦੇ ਲਕਸ਼ ਨੂੰ ਪੂਰਾ ਕਰਨ ਦੇ ਨੇੜੇ ਹਾਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਗਲੇ ਸਾਲ ਅਸੀਂ 40 ਸਾਲਾਂ ਦੀ ਵਰ੍ਹੇਗੰਢ ਮਨਾਉਣ ਜਾ ਰਹੇ ਹਾਂ ਅਤੇ ਕੁਝ ਵਿਸ਼ੇਸ਼ ਸਮਾਰੋਹਾਂ ਦੀ ਯੋਜਨਾ ਬਣਾਈ ਜਾ ਰਹੀ ਹੈ।

ਅੰਤ ਵਿੱਚ, ਉਨ੍ਹਾਂ ਨੇ ਕਿਹਾ ਕਿ ਜਦੋਂ ਸਾਡੇ ਤਿੰਨ ਮੁੱਖ ਸਫਲਤਾ ਦੇ ਸਤੰਭ — ਕੇ.ਸੀ.ਯੂ. ਟੀਮ, ਸਾਡੇ ਮੈਂਬਰ ਅਤੇ ਭਾਈਚਾਰਕ ਸਾਥੀ — ਇਕੱਠੇ ਕੰਮ ਕਰਦੇ ਹਨ, ਤਾਂ ਹੀ ਸੰਸਥਾ ਹੋਰ ਮਜ਼ਬੂਤ, ਲਚਕੀਲੀ ਅਤੇ ਭਵਿੱਖ ਲਈ ਤਿਆਰ ਬਣਦੀ ਹੈ।

ਬੋਰਡ ਦੀ ਰਿਪੋਰਟ ਮਨਜ਼ੂਰ ਕੀਤੀ ਗਈ।

***ਪੇਸ਼ ਕਰਤਾ: ਸ: ਜਰਨੈਲ ਸਿੰਘ ਰਾਏ     ਸਮਰਥਕ: ਸ: ਅਵਤਾਰ ਸਿੰਘ ਢਿੱਲੋਂ     ਪਾਸ ਹੋਇਆ।***

## ਮੁੱਖ ਕਾਰਜਕਾਰੀ ਅਧਿਕਾਰੀ ਦੀ ਰਿਪੋਰਟ

ਸ: ਹਰਦੀਪ ਸਿੰਘ ਬੈਂਸ ਨੇ ਕੇ.ਸੀ.ਯੂ. ਮੈਂਬਰਾਂ, ਬੋਰਡ, ਸਟਾਫ, ਮਹਿਮਾਨਾਂ ਅਤੇ ਰੈਗੂਲੇਟਰੀ ਸਾਥੀ ਮਿਸਟਰ: ਕੇਂਟਾ ਹਤਾਮੋਚੀ (ਬੀ.ਸੀ.ਐਫ਼.ਐੱਸ.ਏ.) ਦਾ ਸਵਾਗਤ ਕੀਤਾ।

ਉਨ੍ਹਾਂ ਨੇ ਦੱਸਿਆ ਕਿ 2024 ਵਿੱਚ ਸਾਡੀ ਸੰਪਤੀ, ਹੁਦਾਰ ਅਤੇ ਜਮ੍ਹਾਂ ਖਾਤੇ ਵਿੱਚ ਮਜ਼ਬੂਤ ਵਾਧਾ ਹੋਇਆ ਹੈ। 2023 ਤੋਂ 2024 ਵਿੱਚ ਆਮਦਨ ਵਿੱਚ ਤਬਦੀਲੀ ਦਾ ਮੁੱਖ ਕਾਰਨ ਵੈਰੀਏਬਲ ਰੇਟ ਮੋਰਟਗੇਜ ਸਨ। ਉਨ੍ਹਾਂ ਨੇ ਆਮਦਨ 'ਤੇ ਅਸਰ ਪਾਉਣ ਵਾਲੇ ਕਾਰਨ ਵੀ ਸਮਝਾਏ। ਹੁਦਾਰ ਖਾਤੇ ਵੀ ਸਾਡੀ ਆਮਦਨ ਤੇ ਅਸਰ ਪਾਉਂਦੇ ਹਨ, ਫਿਰ ਵੀ ਸਾਡੀ ਸਮੁਚੀ ਆਦਨ ਵਿਚ ਵਾਧਾ ਮਜ਼ਬੂਤ ਰਿਹਾ ਹੈ।

ਸ਼: ਬੈਂਸ ਨੇ ਕਾਲ ਸੈਂਟਰ ਸ਼ੁਰੂ ਕਰਨ ਦੀ ਯੋਜਨਾ ਬਾਰੇ ਦੱਸਿਆ, ਜਿਸ ਨਾਲ ਮੈਂਬਰਾਂ ਦੇ ਸਵਾਲਾਂ ਦਾ ਜਲਦੀ ਜਵਾਬ ਦਿੱਤਾ ਜਾਵੇਗਾ ਜਾਂ ਮੈਂਬਰਾਂ ਦੇ ਮੁੱਦੇ ਬ੍ਰਾਂਚ ਰਾਹੀ ਹਲ ਹੋ ਜਾਣਗੇ।

ਇਹ ਪ੍ਰਣਾਲੀ ਕਈ ਪੜਾਵਾਂ ਵਿੱਚ ਲਾਗੂ ਕੀਤੀ ਜਾਵੇਗੀ ਅਤੇ ਆਨਲਾਈਨ ਅਤੇ ਮੋਬਾਈਲ ਬੈਂਕਿੰਗ ਦੀ ਵਰਤੋਂ ਨੂੰ ਵਧਾਇਆ ਜਾਵੇਗਾ ਅਤੇ ਅਸੀ ਇਸ ਨਵੇਂ ਵਾਧੇ ਲਈ ਬਹੁਤ ਉਤਸੁਕਤ ਹਾਂ।

ਸ: ਬੈਂਸ ਨੇ ਮੈਂਬਰਾਂ ਨੂੰ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਅਗਲੇ ਦੋ ਸਾਲਾਂ ਵਿੱਚ ਅਸੀਂ ਮੌਜੂਦਾ ਪਲੇਟਫਾਰਮਾਂ ਤੋਂ ਨਵੇਂ ਸਿਸਟਮ ਵੱਲ ਬਦਲਾਅ ਕਰਾਂਗੇ। ਇਹ ਤਬਦੀਲੀ ਪੂਰੇ ਕਰੈਡਿਟ ਯੂਨੀਅਨ ਸਿਸਟਮ 'ਤੇ ਅਸਰ ਪਾਵੇਗੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮਾਰਕੀਟਿੰਗ ਪਹਿਲਕਦਮੀਆਂ ਵਿੱਚ ਸੋਸ਼ਲ ਮੀਡੀਆ ਅਤੇ ਵੈੱਬਸਾਈਟਾਂ ਰਾਹੀਂ ਵਧੇਰੇ ਸੰਪਰਕ 'ਤੇ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਨਾਲ ਹੀ ਵੀਡੀਓ ਸਮੱਗਰੀ ਸ਼ਾਮਲ ਕਰਨ ਦੀ ਯੋਜਨਾ ਹੈ।

**ਸਾਖਾ ਨਵੀਨੀਕਰਨ**: ਸ: ਬੈਂਸ ਨੇ 6 ਸ਼ਾਖਾਵਾਂ ਦੇ ਨਵੀਨੀਕਰਨ ਦੀ ਯੋਜਨਾ ਬਾਰੇ ਅਪਡੇਟ ਦਿੱਤਾ, ਜਿਨ੍ਹਾਂ ਵਿੱਚ ਸਰੀ, ਵੈਨਕੂਵਰ ਅਤੇ ਵਿਕਟੋਰੀਆ ਦੀਆਂ ਸ਼ਾਖਾਵਾਂ ਦਾ ਕੰਮ ਪਹਿਲਾਂ ਹੀ ਮੁਕੰਮਲ ਹੋ ਚੁੱਕਾ ਹੈ ਅਤੇ ਅਗਲਾ ਪ੍ਰੋਜੈਕਟ ਨਿਊਟਨ ਸ਼ਾਖਾ ਦਾ ਨਵੀਨੀਕਰਨ ਹੈ। ਉਨ੍ਹਾਂ ਨੇ ਦੱਸਿਆ ਕਿ ਅਸੀਂ ਸਾਲ ਦੇ ਅੰਤ ਤੱਕ ਇਹ ਕੰਮ ਪੂਰਾ ਕਰਨ ਦਾ ਲਕਸ਼ ਰੱਖਦੇ ਹਾਂ, ਜੋ ਕਿ ਨਿਰਮਾਣ ਸਮਾਂ-ਸੂਚੀ 'ਤੇ ਨਿਰਭਰ ਕਰੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਸੀਂ ਜਲਦੀ ਹੀ ਸਿਟੀ ਨੂੰ ਨਿਰਮਾਣ ਯੋਜਨਾਵਾਂ ਪੇਸ਼ ਕਰਕੇ ਕੰਮ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਇਹ ਨਵੀਨੀਕਰਨ ਸਾਡੇ ਬ੍ਰਾਂਡਿੰਗ ਉਪਰਾਲਿਆਂ ਨੂੰ ਮਜ਼ਬੂਤ ਕਰਦੇ ਹਨ।

**ਕਰੈਡਿਟ ਯੂਨੀਅਨ ਮਰਜਰ**: ਸ: ਬੈਂਸ ਨੇ ਸਲਾਈਡਾਂ ਪੇਸ਼ ਕਰਦਿਆਂ ਕਰੈਡਿਟ ਯੂਨੀਅਨ ਖੇਤਰ ਵਿੱਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਚੱਲ ਰਹੀਆਂ ਮਰਜਰ ਪ੍ਰਕਿਰਿਆਵਾਂ ਅਤੇ ਛੋਟੀਆਂ ਕਰੈਡਿਟ ਯੂਨੀਅਨਾਂ ਦਾ ਵੱਡੀਆਂ ਇਕਾਈਆਂ ਵਿੱਚ ਵਿਲੀਨੀਕਰਨ ਸ਼ਾਮਲ ਹੈ। ਉਨ੍ਹਾਂ ਨੇ ਮੌਜੂਦਾ ਮਰਜਰਾਂ ਬਾਰੇ ਵੀ ਅਪਡੇਟ ਦਿੱਤੀ। ਉਨ੍ਹਾਂ ਨੇ ਕੁਸ਼ਲਤਾ ਦੀ ਅਨੁਪਾਤ ਦੀ ਵੀ ਵਿਆਖਿਆ ਕੀਤੀ ਅਤੇ ਦੱਸਿਆ ਕਿ ਖਾਲਸਾ ਕਰੈਡਿਟ ਯੂਨੀਅਨ ਹੋਰ ਵਿੱਤੀ ਸੰਸਥਾਵਾਂ ਨਾਲੋਂ ਮਜ਼ਬੂਤ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਅਗੇ ਜਾ ਕੇ ਨਾਰਮਲਾਈਜ਼ੇਸ਼ਨ ਦੀ ਉਮੀਦ ਹੈ।

ਸ: ਬੈਂਸ ਨੇ ਦੱਸਿਆ ਕਿ ਖਾਲਸਾ ਕਰੈਡਿਟ ਯੂਨੀਅਨ ਕੋਲ ਮਜ਼ਬੂਤ ਵੈਲਯੂ ਪ੍ਰੋਪੋਜ਼ੀਸ਼ਨ ਹੈ ਅਤੇ ਆਪਣੇ ਟਾਰਗੇਟ ਮਾਰਕੀਟਾਂ ਅਤੇ ਮੈਂਬਰਾਂ ਦੀਆਂ ਲੋੜਾਂ ਦੀ ਸਪਸ਼ਟ ਸਮਝ ਹੈ। ਉਨ੍ਹਾਂ ਨੇ ਮੈਂਬਰਾਂ ਨੂੰ ਦੱਸਿਆ ਕਿ ਅਸੀਂ ਆਪਣੇ ਖਰਚਿਆਂ ਅਤੇ ਟੈਕਨੋਲੋਜੀ 'ਤੇ ਖਰਚ ਨੂੰ ਧਿਆਨ ਵਿਚ ਰੱਖਦੇ ਹਾਂ ਅਤੇ ਯਕੀਨੀ ਬਣਾਉਂਦੇ ਹਾਂ ਕਿ ਸਾਰੇ ਕੰਮ ਸੁਚਾਰੂ ਤਰੀਕੇ ਨਾਲ ਚੱਲ ਰਹੇ ਹਨ।

ਉਨ੍ਹਾਂ ਨੇ ਮੈਂਬਰਾਂ ਦੀ ਲਚਕੀਲਤਾ ਲਈ ਧੰਨਵਾਦ ਕੀਤਾ ਅਤੇ "ਚੜ੍ਹਦੀ ਕਲਾ" ਨੂੰ ਇਸਦੀ ਸਭ ਤੋਂ ਵਧੀਆ ਵਿਆਖਿਆ ਦੱਸਿਆ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੇ ਮੈਂਬਰਾਂ ਦੇ ਯੋਗਦਾਨ ਨਾਲ ਖੁਸ਼ ਹਾਂ ਅਤੇ ਸਾਡੇ ਮੈਂਬਰਾਂ ਨਾਲ ਮਜ਼ਬੂਤ ਸੰਬੰਧ ਹਨ। ਉਨ੍ਹਾਂ ਨੇ ਸਭ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਲਈ ਪ੍ਰੇਰਿਤ ਕੀਤਾ।

***ਪੇਸ਼ ਕਰਤਾ: ਸ: ਜਰਨੈਲ ਸਿੰਘ ਰਾਏ      ਸਮਰਥਕ: ਸ: ਜਸਵਿੰਦਰ ਸਿੰਘ ਖੈਰਾ      ਪਾਸ ਹੋਇਆ।***

**ਬਾਹਰੀ ਆਡੀਟਰ ਦੀ ਰਿਪੋਰਟ**

ਬਾਹਰੀ ਆਡੀਟਰ ਦੀ ਰਿਪੋਰਟ ਮਿਸ ਐਂਜਲਾ ਸਪੈਂਸਰ (ਬੀ.ਡੀ.ਓ. ਕੈਨੇਡਾ ਐਲ.ਐਲ.ਪੀ. ਚਾਰਟਰਡ ਅਕਾਊਂਟੈਂਟਸ) ਵੱਲੋਂ ਪੇਸ਼ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਵਿੱਤੀ ਬਿਆਨ ਨਿਰਪੱਖ ਤਰੀਕੇ ਨਾਲ ਪੇਸ਼ ਕੀਤੇ ਗਏ ਹਨ ਅਤੇ ਅੰਤਰਰਾਸ਼ਟਰੀ ਵਿੱਤੀ ਰਿਪੋਰਟਿੰਗ ਮਾਪਦੰਡਾਂ ਅਨੁਸਾਰ ਹਨ, ਜੋ ਕਿ ਕੈਨੇਡਾ ਅਤੇ ਬੀ.ਸੀ. ਦੇ ਸਾਰੇ ਕਰੈਡਿਟ ਯੂਨੀਅਨਾਂ ਲਈ ਲਾਜ਼ਮੀ ਹਨ। ਉਨ੍ਹਾਂ ਨੇ ਦੱਸਿਆ ਕਿ ਸੰਖੇਪ ਵਿੱਤੀ ਬਿਆਨ ਪਹਿਲਾਂ ਹੀ ਮੈਂਬਰਾਂ ਨੂੰ ਮੁਹੱਈਆ ਕਰਵਾ ਦਿੱਤੇ ਗਏ ਸਨ।

2024 ਦੇ ਵਿੱਤੀ ਬਿਆਨ ਅਤੇ ਆਡੀਟਰ ਦੀ ਰਿਪੋਰਟ ਮਨਜ਼ੂਰ ਕੀਤੀ ਗਈ।

***ਪੇਸ਼ ਕਰਤਾ: ਸ਼੍ਰੀਮਤੀ ਬਲਜਿੰਦਰ ਕੌਰ ਬਰਾਰ   ਸਮਰਥਕ: ਸ: ਰਸ਼ਪਾਲ ਸਿੰਘ ਲਾਲੜੀ   ਪਾਸ ਹੋਇਆ।***

## ਬਾਹਰੀ ਆਡੀਟਰਾਂ ਦੀ ਨਿਯੁਕਤੀ

ਸ: ਜਗਪਾਲ ਸਿੰਘ ਸੰਧੂ ਨੇ ਬੋਰਡ ਵੱਲੋਂ 2025 ਲਈ ਬਾਹਰੀ ਆਡੀਟਰਾਂ ਦੀ ਨਿਯੁਕਤੀ ਲਈ ਪ੍ਰਸਤਾਵ ਪੇਸ਼ ਕੀਤਾ।

**"ਇਹ ਫੈਸਲਾ ਕੀਤਾ ਜਾਂਦਾ ਹੈ ਕਿ ਬੀ.ਡੀ.ਓ. ਕੈਨੇਡਾ ਐੱਲ.ਐੱਲ.ਪੀ. ਚਾਰਟਡ ਪ੍ਰੋਫ਼ੈਸ਼ਨਲ ਅਕਾਊਂਟੈਂਟਸ ਨੂੰ ਸਾਲ 2025 ਲਈ ਬਾਹਰੀ ਆਡੀਟਰਜ਼ ਵਜੋਂ ਨਿਯੁਕਤ ਕੀਤਾ ਜਾਂਦਾ ਹੈ ਅਤੇ ਬੋਰਡ ਦੇ ਡਾਇਰੈਕਟਰਾਂ ਨੂੰ ਅਧਿਕਾਰ ਦਿੱਤਾ ਜਾਂਦਾ ਹੈ ਕਿ ਉਹ ਆਡੀਟਰਾਂ ਦੇ ਮਿਹਨਤਾਨੇ ਦਾ ਫੈਸਲਾ ਕਰਨ"।**

***ਪੇਸ਼ ਕਰਤਾ: ਸ: ਅਵਤਾਰ ਸਿੰਘ ਢਿੱਲੋਂ   ਸਮਰਥਕ: ਸ: ਅਮਰਜੀਤ ਸਿੰਘ ਸੰਧੂ   ਪਾਸ ਹੋਇਆ***

## ਅਧੂਰਾ ਕਾਰੋਬਾਰ:

## ਮੈਂਬਰਾਂ ਦੇ ਸਵਾਲ ਅਤੇ ਸੁਝਾਅ:

ਸ: ਹਰਦੀਪ ਸਿੰਘ ਮਲਿਕ ਨੇ ਪ੍ਰਸ਼ਾਸਨ ਅਤੇ ਬੋਰਡ ਨੂੰ ਸ਼ਾਨਦਾਰ ਸਾਲ ਲਈ ਵਧਾਈ ਦਿੱਤੀ। ਉਨ੍ਹਾਂ ਨੇ ਵਧ ਰਹੇ ਭਾਈਚਾਰੇ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਾਖਾਵਾਂ ਦੀ ਗਿਣਤੀ ਵਧਾਉਣ ਦਾ ਸੁਝਾਅ ਦਿੱਤਾ, ਕਿਉਂਕਿ ਲਗਭਗ 10 ਸਾਲ ਹੋ ਗਏ ਹਨ ਜਦੋਂ ਤੋਂ ਸਾਡੇ ਕੋਲ 6 ਸ਼ਾਖਾਵਾਂ ਹਨ ਅਤੇ ਹੁਣ ਹੋਰ ਸ਼ਾਖਾਵਾਂ ਖੋਲ੍ਹਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਸਲਾਹ ਦਿੱਤੀ ਕਿ ਐਬਟਸਫੋਰਡ ਵਾਲੀ ਸ਼ਾਖਾ ਜੋ ਬਹੁਤ ਵਿਅਸਤ ਹੈ ਉੱਥੇ ਇੱਕ ਹੋਰ ਸ਼ਾਖਾ ਖੋਲ੍ਹੀ ਜਾਏ।

ਉਨ੍ਹਾਂ ਨੇ ਭਾਈਚਾਰੇ ਨੂੰ ਦਿੱਤੇ ਜਾਣ ਵਾਲੇ ਆਮਦਨ ਦੇ 10% ਦੇ ਮਾਮਲੇ 'ਤੇ ਵੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਲਗਭਗ $700,000 ਭਾਈਚਾਰੇ ਨੂੰ ਦਿੱਤੇ ਗਏ ਸਨ, ਜਦ ਕਿ ਕੇ.ਸੀ.ਯੂ. ਵੱਲੋ ਇਸ ਸਾਲ ਸਿਰਫ਼ $500,000 ਦਾ ਹੀ ਯੋਗਦਾਨ ਪਾਇਆ ਹੈ, ਜੋ ਕਿ $200,000 ਘੱਟ ਹੈ। ਉਨ੍ਹਾਂ ਨੇ ਪੁੱਛਿਆ ਕਿ ਕੀ ਕਰੈਡਿਟ ਯੂਨੀਅਨ ਇਹ ਰਕਮ ਬਾਅਦ ਵਿੱਚ ਦੇਣ ਲਈ ਸੰਭਾਲ ਕਰਦੀ ਹੈ, ਜਿਸ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਅਸੀਂ ਦਸਵੰਧ ਦੀ ਇਹ ਰਕਮ ਸੰਭਾਲ ਕੇ ਰੱਖਦੇ ਹਾਂ। ਉਨ੍ਹਾਂ ਨੇ ਦੱਸਿਆ ਕਿ ਸਾਡੇ ਕੋਲ ਕੁਝ ਵੱਡੇ ਪ੍ਰੋਜੈਕਟ ਹਨ ਜਿਨ੍ਹਾਂ ਬਾਰੇ ਫੈਸਲਾ ਕਰਨਾ ਹੈ। ਸ: ਅਮਨਪ੍ਰੀਤ ਸਿੰਘ ਚੁੱਘ ਨੇ ਵੀ ਪੁਸ਼ਟੀ ਕੀਤੀ ਕਿ ਇਹ ਰਕਮ ਵੱਖਰੇ ਜੀ.ਐਲ. ਖਾਤੇ ਵਿੱਚ ਰੱਖੀ ਜਾਂਦੀ ਹੈ।

ਮਲਿਕ ਨੇ ਸੁਝਾਅ ਦਿੱਤਾ ਕਿ ਜਦੋਂ ਖਾਲਸਾ ਕਰੈਡਿਟ ਯੂਨੀਅਨ ਦੀ ਆਮਦਨ ਇੱਕ ਨਿਸ਼ਚਿਤ ਪੱਧਰ 'ਤੇ ਪਹੁੰਚੇ, ਤਾਂ ਕੇ.ਸੀ.ਯੂ. ਨੂੰ ਦਸਵੰਧ ਦਾ ਪ੍ਰਤੀਸ਼ਤ ਵਧਾਉਣ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਕਰੈਡਿਟ ਯੂਨੀਅਨ ਦੇ ਨਿਯਮ ਅਤੇ ਪ੍ਰਕਿਰਿਆਵਾਂ ਕਈ ਸਾਲਾਂ ਤੋਂ ਸਥਿਰ ਹਨ, ਇਸ ਲਈ ਕੇ.ਸੀ.ਯੂ. ਨੂੰ ਸੋਚਣਾ ਚਾਹੀਦਾ ਹੈ ਕਿ ਭਾਈਚਾਰੇ ਵਿੱਚ ਸ਼ਮੂਲੀਅਤ ਦੀ ਭੂਮਿਕਾ ਕਿਵੇਂ ਵਧਾਈ ਜਾ ਸਕਦੀ ਹੈ। ਉਨ੍ਹਾਂ ਨੇ ਇਹ ਵੀ ਚਿੰਤਾ ਜ਼ਾਹਰ ਕੀਤੀ ਕਿ ਕੇ.ਸੀ.ਯੂ. ਦੇ ਇੰਸਟਾਗ੍ਰਾਮ ਖਾਤੇ 'ਤੇ ਸਾਰੀਆਂ ਯੋਗਦਾਨ ਵਾਲੀਆਂ ਗਤੀਵਿਧੀਆਂ ਨਹੀਂ ਦਿਖਾਈਆਂ ਜਾਂਦੀਆਂ, ਜੋ ਕਿ ਇੱਕ ਘਾਟ ਹੈ।

ਸ: ਜਗਪਾਲ ਸਿੰਘ ਸੰਧੂ ਨੇ ਇਸ ਸੁਝਾਅ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਇਸ 'ਤੇ ਵਿਚਾਰ ਕੀਤਾ ਜਾਵੇਗਾ।

ਸ: ਸਤਵੰਤ ਸਿੰਘ ਸੰਧੂ ਨੇ ਦੱਸਿਆ ਕਿ ਓਨਟਾਰਿਓ ਤੋਂ ਕੁਝ ਵਿਅਕਤੀਆਂ ਨੇ ਆਪਣੇ ਖੇਤਰ ਵਿੱਚ ਖਾਲਸਾ ਕਰੈਡਿਟ ਯੂਨੀਅਨ ਦੀ ਸ਼ਾਖਾ ਖੋਲ੍ਹਣ ਬਾਰੇ ਪੁੱਛਗਿੱਛ ਕੀਤੀ ਹੈ। ਉਨ੍ਹਾਂ ਕੋਲ ਉੱਥੇ ਸੰਪਰਕ ਹਨ ਜੋ ਇਸ ਵਿੱਚ ਰੁਚੀ ਰੱਖਦੇ ਹਨ।

ਦੂਜਾ ਪ੍ਰਸ਼ਨ: ਬੋਰਡ ਵਿੱਚ ਨੌਂ ਡਾਇਰੈਕਟਰ ਹਨ। ਇਨ੍ਹਾਂ ਵਿੱਚੋਂ ਕਿੰਨੇ ਕਾਰੋਬਾਰੀ ਹਨ, ਅਤੇ ਜੇ ਹਨ, ਤਾਂ ਕੀ ਉਨ੍ਹਾਂ ਦੇ ਖਾਤੇ ਖਾਲਸਾ ਕਰੈਡਿਟ ਯੂਨੀਅਨ ਵਿੱਚ ਹਨ?

ਸ: ਹਰਦੀਪ ਸਿੰਘ ਬੈਂਸ ਨੇ ਜਵਾਬ ਦਿੱਤਾ ਕਿ ਅੰਤਰਸੂਬਾਈ ਕਰੈਡਿਟ ਯੂਨੀਅਨ ਸੰਬੰਧੀ ਗੱਲਬਾਤ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਇਸ ਲਈ ਸਾਨੂੰ ਨਿਯੰਤਰਕ ਸੰਸਥਾਵਾਂ ਨਾਲ ਮਿਲ ਕੇ ਇਸ ਵਿਚਾਰ-ਵਟਾਂਦਰੇ ਨੂੰ ਅੱਗੇ ਵਧਾਉਣਾ ਪਵੇਗਾ, ਜੋ ਕਿ ਹਾਲੇ ਤੱਕ ਪੂਰਾ ਤਰ੍ਹਾਂ ਨਹੀਂ ਹੋਇਆ। ਹਾਲਾਂਕਿ, ਮੌਜੂਦਾ ਟੈਰਿਫ਼ ਮਾਹੌਲ ਨੂੰ ਦੇਖਦੇ ਹੋਏ ਗੱਲਬਾਤ ਵਿੱਚ ਤੇਜ਼ੀ ਆਈ ਹੈ ਅਤੇ ਭਵਿੱਖ ਵਿੱਚ ਇਸਦੀ ਸੰਭਾਵਨਾ ਬਣ ਸਕਦੀ ਹੈ। ਉਨ੍ਹਾਂ ਨੇ ਦੱਸਿਆ ਕਿ ਅਸੀਂ ਦੋ ਬਾਜ਼ਾਰਾਂ—ਐਲਬਰਟਾ ਅਤੇ ਓਨਟਾਰਿਓ—ਦਾ ਅਧਿਐਨ ਕੀਤਾ ਹੈ ਅਤੇ ਅਗਲੀ ਏ.ਜੀ.ਐਮ. ਵਿੱਚ ਇਸ ਬਾਰੇ ਅਪਡੇਟ ਦਿੱਤਾ ਜਾਵੇਗਾ।

ਸ: ਜਗਪਾਲ ਸਿੰਘ ਸੰਧੂ ਨੇ ਕਿਹਾ ਕਿ ਇੰਟਰਪ੍ਰੋਵਿੰਸ਼ੀਅਲ ਵਿਸਥਾਰ ਬਾਰੇ ਗੱਲਬਾਤ ਬੋਰਡ ਅਤੇ ਪ੍ਰਸ਼ਾਸਕ ਪੱਧਰ ‘ਤੇ ਵੀ ਚੱਲ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਮੌਜੂਦਾ ਕਾਨੂੰਨੀ ਲੋੜਾਂ ਵਿਕਲਪਾਂ ਨੂੰ ਸੀਮਿਤ ਕਰਦੀਆਂ ਹਨ ਅਤੇ ਅਗਲੇ ਸਾਲ ਅਸੀਂ ਟੈਕਨੋਲੋਜੀ ਵਿੱਚ ਵੱਡੀ ਰਕਮ ਦਾ ਨਿਵੇਸ਼ ਕਰਨ ਜਾ ਰਹੇ ਹਾਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਸੀਂ ਸਾਰੇ ਉਪਲਬਧ ਵਿਕਲਪਾਂ ‘ਤੇ ਵਿਚਾਰ ਕਰ ਰਹੇ ਹਾਂ।

ਸ: ਪਰਮਵੀਰ ਸਿੰਘ ਬੋਪਾਰਾਇ ਨੇ ਬੋਰਡ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਨੌਜਵਾਨ ਮੈਂਬਰਾਂ ਨੂੰ ਆਕਰਸ਼ਿਤ ਕਰਨ ਅਤੇ ਹੋਰ ਸਿੱਖ ਮੈਂਬਰਾਂ ਨੂੰ ਕਰੈਡਿਟ ਯੂਨੀਅਨ ਨਾਲ ਜੋੜਨ ਲਈ ਟੈਕਨੋਲੋਜੀ ਵਿੱਚ ਨਿਵੇਸ਼ ਕਰਨ ਦਾ ਸੁਝਾਅ ਦਿੱਤਾ।

ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਨੌਜਵਾਨ ਪੀੜ੍ਹੀ ਨੂੰ ਆਕਰਸ਼ਿਤ ਕਰਨ ਲਈ ਅਸੀਂ ਸੋਸ਼ਲ ਮੀਡੀਆ ਚੈਨਲਾਂ ਰਾਹੀਂ ਪਹੁੰਚ ਕਰ ਰਹੇ ਹਾਂ ਅਤੇ ਸਿੱਖ ਵਿਰਾਸਤ ਮਹੀਨਾ ਮਨਾਉਣ ਲਈ ਭਾਈਚਾਰਕ ਸੰਸਥਾਵਾਂ ਨਾਲ ਮਿਲਾਪ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਟੈਕਨੋਲੋਜੀ ਵਿੱਚ ਨਿਵੇਸ਼ ਕਰ ਰਹੇ ਹਾਂ ਅਤੇ ਅੱਗੇ ਵੀ ਕਰਦੇ ਰਹਾਂਗੇ।

ਸ: ਸਤਵੰਤ ਸਿੰਘ ਸੰਧੂ ਨੇ ਸੁਝਾਅ ਦਿੱਤਾ ਕਿ ਬੋਰਡ ਅਤੇ ਪ੍ਰਸ਼ਾਸਨ ਦੁਆਰਾ ਬਣਾਈਆਂ ਜਾ ਰਹੀਆਂ ਭਵਿੱਖੀ ਯੋਜਨਾਵਾਂ ਅਤੇ ਲਕਸ਼ਾਂ ਬਾਰੇ ਮੈਂਬਰਸ਼ਿਪ ਨੂੰ ਅਪਡੇਟ ਕੀਤਾ ਜਾਵੇ।

ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਸਾਡੇ ਕੋਲ ਲਕਸ਼ ਹਨ ਅਤੇ ਅਗਲੇ ਦੋ ਸਾਲਾਂ ਵਿੱਚ ਅਸੀਂ $1 ਬਿਲੀਅਨ ਦੇ ਲਕਸ਼ ਨੂੰ ਹਾਸਲ ਕਰਨ ਦਾ ਮਨ ਬਣਾਇਆ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਖਾਲਸਾ ਕਰੈਡਿਟ ਯੂਨੀਅਨ ਦੀਆਂ 40 ਸਾਲਾਂ ਦੀਆਂ ਉਪਲਬਧੀਆਂ ਨੂੰ ਵੀ ਉਜਾਗਰ ਕਰ ਸਕਦੇ ਹਾਂ।

ਸਭਾ ਵਿੱਚ ਮੌਜੂਦ ਇੱਕ ਮੈਂਬਰ ਨੇ ਪੁੱਛਿਆ ਕਿ ਜੇ ਕੇ.ਸੀ.ਯੂ. ਆਪਣੀ ਆਮਦਨ ਦਾ 10% ਦਾਨ ਕਰਦਾ ਹੈ, ਤਾਂ ਕੀ ਉਹ ਰਕਮ ਦਾਨ ਕੀਤੀ ਜਾਂਦੀ ਹੈ ਜਾਂ ਇਸਦਾ ਪਰਚਾਰ ਹੀ ਕੀਤਾ ਜਾਂਦਾ ਹੈ? ਉਨ੍ਹਾਂ ਨੇ ਕਿਹਾ ਕਿ ਇੱਕ ਪਾਸੇ ਦਾਨ ਦਿਖਾਏ ਜਾਂਦੇ ਹਨ ਅਤੇ ਦੂਜੇ ਪਾਸੇ ਸਕਾਲਰਸ਼ਿਪਾਂ ਦਿਖਾਈਆਂ ਜਾਂਦੀਆਂ ਹਨ। ਉਨ੍ਹਾਂ ਨੇ ਉਦਾਹਰਨ ਦਿੱਤੀ ਕਿ ਕੇ.ਸੀ.ਯੂ. ਨੇ 25 ਸੰਸਥਾਵਾਂ ਦੇ ਨਾਮ ਦੱਸੇ ਜਿਨ੍ਹਾਂ ਨੂੰ ਦਾਨ ਦਿੱਤਾ ਗਿਆ, ਜੋ ਉਨ੍ਹਾਂ ਦੇ ਮਤਾਬਕ ਵਿਗਿਆਪਨ ਦੀ ਇੱਕ ਰੂਪ ਰੇਖਾ ਹੈ।

ਸ: ਜਗਪਾਲ ਸਿੰਘ ਸੰਧੂ ਨੇ ਜਵਾਬ ਦਿੱਤਾ ਕਿ ਮੈਂਬਰਾਂ ਨੂੰ ਇਹ ਜਾਣਕਾਰੀ ਦੇਣੀ ਲਾਜ਼ਮੀ ਹੈ ਕਿ ਰਕਮ ਕਿੱਥੇ ਵਰਤੀ ਜਾ ਰਹੀ ਹੈ। ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਵੀ ਕਿਹਾ ਕਿ ਅਸੀਂ ਮਾਰਕੀਟਿੰਗ ਅਤੇ ਦਾਨ ਨੂੰ ਵੱਖ ਕੀਤਾ ਹੋਇਆ ਹੈ। ਉਨ੍ਹਾਂ ਨੇ ਸਮਝਾਇਆ ਕਿ ਅਸੀਂ ਵਿਦਿਆਰਥੀਆਂ ਨੂੰ ਸਕਾਲਰਸ਼ਿਪਾਂ ਦੇ ਕੇ ਕੇ.ਸੀ.ਯੂ. ਵਿੱਚ ਖਾਤੇ ਖੋਲ੍ਹਣ ਲਈ ਉਤਸ਼ਾਹਿਤ ਕਰਦੇ ਹਾਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਸੀਂ ਹਰ ਸਾਲ ਸਕਾਲਰਸ਼ਿਪਾਂ ਦੀ ਰਕਮ ਵਿੱਚ ਵਾਧਾ ਕਰਦੇ ਹਾਂ।

ਸ: ਕੁਲਵੰਤ ਸਿੰਘ ਸਹੋਤਾ ਨੇ ਸੁਝਾਅ ਦਿੱਤਾ ਕਿ ਜਿੱਥੇ ਸੰਭਵ ਹੋਵੇ ਪੰਜਾਬੀ ਵਿੱਚ ਗੱਲ ਕੀਤੀ ਜਾਵੇ ਅਤੇ ਜਿਨ੍ਹਾਂ ਨੂੰ ਪੰਜਾਬੀ ਸਮਝ ਨਹੀਂ ਆਉਂਦੀ, ਉਨ੍ਹਾਂ ਲਈ ਅੰਗਰੇਜ਼ੀ ਵਿੱਚ ਵੀ ਵਿਆਖਿਆ ਕੀਤੀ ਜਾਵੇ। ਉਨ੍ਹਾਂ ਨੇ ਇਹ ਵੀ

ਪ੍ਰਸਤਾਵ ਰੱਖਿਆ ਕਿ ਏਜੰਡੇ ਨੂੰ ਨਾਲ ਨਾਲ ਪ੍ਰਦਰਸ਼ਿਤ ਕਰਨ ਨਾਲ ਮੈਂਬਰਾਂ ਲਈ ਮੀਟਿੰਗ ਦੀ ਪ੍ਰਗਤੀ ਨੂੰ ਸਮਝਣਾ ਆਸਾਨ ਹੋਵੇਗਾ।

ਸ: ਪਰਮਵੀਰ ਸਿੰਘ ਬੋਪਾਰਾਇ ਨੇ ਗਤਕਾ ਸਹਾਇਤਾ ਲਈ ਦਿੱਤੇ ਗਏ ਦਾਨ ਲਈ ਕੇ.ਸੀ.ਯੂ. ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਹੋਰ ਸਹਾਇਤਾ ਦੀ ਆਸ ਜਤਾਈ।

ਲੱਕੀ ਡਰਾਅ ਮੈਂਬਰਾਂ ਵਿੱਚ ਵੰਡੇ ਗਏ।

ਸ: ਜਗਪਾਲ ਸਿੰਘ ਨੇ ਸਾਰੇ ਮੈਂਬਰਾਂ ਦਾ ਏ.ਜੀ.ਐਮ. ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

ਮੀਟਿੰਗ ਦੁਪਹਿਰ 3:28 ਵਜੇ ਸਮਾਪਤ ਹੋਈ।